**ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ**
**ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ ਐਸ.ਸੀ.ਓ. 104-106, ਸੈਕਟਰ 34 ਏ, ਚੰਡੀਗੜ੍ਹ**

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿ)
ਪੰਜਾਬ

ਮੀਮੋ ਨੰ. ਏ.ਐਸ.ਪੀ.ਡੀ(ਈ.ਮੀਡੀਆ)/ਐਸ.ਐਸ.ਏ/2010/23358-23378
ਮਿਤੀ ਚੰਡੀਗੜ੍ਹ 02.02.2010

**ਵਿਸ਼ਾ:- ਪਸਵਕ ਟ੍ਰੇਨਿੰਗਾਂ ਸਬੰਧੀ।**
**ਹਵਾਲਾ: ਏ.ਐਸ.ਪੀ.ਡੀ/ਮੀਡੀਆ/2009/0046 ਮਿਤੀ ਚੰਡੀਗੜ੍ਹ 29.12.09 ਅਤੇ ਏ.ਐਸ.ਪੀ.ਡੀ/ ਈ.ਮੀਡੀਆ/2010/1072-1091 ਮਿਤੀ ਚੰਡੀਗੜ੍ਹ 12.01.09 ।**

1.0 ਉਪਰੋਕਤ ਹਵਾਲੇ ਦੇ ਸਬੰਧ ਵਿੱਚ।

2.0 ਆਪ ਜੀ ਨੂੰ ਪਹਿਲਾ ਵੀ ਪਸਵਕ ਟ੍ਰੇਨਿੰਗਾਂ ਦੇ ਸਬੰਧ ਵਿੱਚ ਲਿਖਿਆ ਜਾ ਚੁੱਕਿਆ ਹੈ ਕਿ ਟ੍ਰੇਨਿੰਗਾਂ ਸਕੂਲ ਪੱਧਰ ਤੇ ਕਰਵਾਈਆਂ ਜਾਣੀਆਂ ਹਨ। ਪਰ ਪਿਛਲੇ ਦਿਨੀ ਦਫ਼ਤਰ ਨੂੰ ਕੁਝ ਮਿਲੇ ਸੁਝਾਵਾਂ ਨੂੰ ਧਿਆਨ 'ਚ ਰੱਖਦਿਆਂ ਵਿਭਾਗ ਵੱਲੋਂ ਫੈਸਲਾ ਕੀਤਾ ਗਿਆ ਹੈ ਕਿ ਇਹ ਪਸਵਕ ਟ੍ਰੇਨਿੰਗਾਂ ਹੁਣ ਸਕੂਲ ਵਿੱਚ ਕਰਨ ਦੀ ਬਜਾਏ ਪਿੰਡ/ਸ਼ਹਿਰ ਦੀ ਕਿਸੇ ਵੀ ਸਾਂਝੀ ਥਾਂ ਜਿਵੇਂ ਸੱਥ, ਧਰਮਸ਼ਾਲਾ, ਪੰਚਾਇਤ ਘਰ ਆਦਿ ਵਿਖੇ ਕਰਵਾਈਆਂ ਜਾਣ।ਇਸ ਸਬੰਧ ਵਿੱਚ ਪਿੰਡ ਦੇ ਸਕੂਲ ਅਧਿਆਪਕ/ਸਕੱਤਰ ਅਧਿਆਪਕ ਦੁਆਰਾ ਪਸਵਕ ਮੈਂਬਰਾਂ, ਪੀ.ਟੀ.ਏ. ਮੈਂਬਰਾਂ, ਐਮ.ਟੀ.ਏ. ਮੈਂਬਰਾਂ ਅਤੇ ਆਗਨਵਾੜੀ ਵਰਕਰਾਂ ਨੂੰ ਟ੍ਰੇਨਿੰਗ ਦੇ ਸਮੇਂ ਅਤੇ ਸਥਾਨ ਬਾਰੇ ਅਗੇਤ ਵਜੋਂ ਸੂਚਿਤ ਕੀਤਾ ਜਾਵੇਗਾ ।

3.0 ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਪਸਵਕ ਟ੍ਰੇਨਿੰਗ ਦਾ ਦੂਜਾ ਪੜਾਅ ਜੋ ਕਿ ਫਰਵਰੀ ਮਹੀਨੇ ਵਿੱਚ ਸ਼ੁਰੂ ਕੀਤਾ ਜਾਣਾ ਸੀ। ਇਸ ਸਬੰਧੀ ਜ਼ਿਲ੍ਹਾ ਕੋਆਰਡੀਨੇਟਰ ਪੜ੍ਹੋ ਪੰਜਾਬ ਵੱਲੋਂ ਆਏ ਸੁਝਾਵਾਂ ਨੂੰ ਧਿਆਨ ਹਿੱਤ ਰੱਖਦਿਆਂ ਹੁਣ ਇਹ ਪਸਵਕ ਟ੍ਰੇਨਿੰਗਾਂ ਫਰਵਰੀ ਮਹੀਨੇ ਵਿੱਚ ਕਰਨ ਦੀ ਬਜਾਏ 15 ਮਾਰਚ 2010 ਤੋਂ ਸ਼ੁਰੂ ਕਰਵਾਈਆਂ ਜਾਣਗੀਆਂ ਅਤੇ 31 ਮਾਰਚ ਤੋਂ ਪਹਿਲਾਂ ਇਹਨਾਂ ਨੂੰ ਸਮਾਪਤ ਕਰਨਾ ਹੋਵੇਗਾ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**

ਪਿੱਠਅੰਕਣ ਨੰ. ਉਕਤ 23379 ਮਿਤੀ 02.02.2010
ਉਤਾਰਾ(1) ਸਮੂਹ ਜ਼ਿਲ੍ਹਾ ਕੋਆਰਡੀਨੇਟਰ ਪੜ੍ਹੋ ਪੰਜਾਬ ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**